# Official Spokesperson's response to media queries on developments on the LAC

May 14, 2020

……………………………………………………………………………………………………..

## ਅਸਲ ਕੰਟਰੋਲ ਰੇਖਾ 'ਤੇ ਹੋਈਆਂ ਘਟਨਾਵਾਂ ਬਾਰੇ ਮੀਡੀਆ ਦੇ ਸਵਾਲਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

14 ਮਈ, 2020

**ਅਸਲ ਕੰਟਰੋਲ ਰੇਖਾ 'ਤੇ ਹੋਈਆਂ ਘਟਨਾਵਾਂ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ:**

"ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਸਾਰੇ ਇਲਾਕਿਆਂ ਅੰਦਰ ਅਮਨ ਅਤੇ ਸ਼ਾਂਤੀ ਕਾਇਮ ਰੱਖਣ ਨੂੰ ਭਾਰਤ ਅਤੇ ਚੀਨ ਬਹੁਤ ਮਹੱਤਵ ਦਿੰਦੇ ਹਨ। ਪ੍ਰਧਾਨ ਮੰਤਰੀ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵੂਹਾਨ **(2018)** ਅਤੇ ਚੇਨਈ **(2019)** ਵਿੱਚ ਆਪਣੀ ਗੈਰ-ਰਸਮੀ ਸਿਖਰ ਗੱਲਬਾਤ ਵਿੱਚ ਇਸ ਗੱਲ ਦੀ ਤਸਦੀਕ ਕੀਤੀ ਸੀ ਕਿ ਦੋਵੇਂ ਪੱਖ ਸਰਹੱਦੀ ਖੇਤਰਾਂ ਵਿੱਚ ਅਮਨ ਅਤੇ ਸ਼ਾਂਤੀ ਨੂੰ ਯਕੀਨੀ ਬਣਾਉਣ ਲਈ ਕੋਸ਼ਿਸ਼ਾਂ ਕਰਦੇ ਰਹਿਣਗੇ। ਅਜਿਹਾ ਕਰਨਾ ਦੁਵੱਲੇ ਸਬੰਧਾਂ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹੈ।

ਦੋਨਾਂ ਆਗੂਆਂ ਨੇ ਆਪਣੀਆਂ ਫੌਜਾਂ ਨੂੰ ਦੋਵਾਂ ਧਿਰਾਂ ਦਰਮਿਆਨ ਹੋਈ ਸਹਿਮਤੀ ਅਨੁਸਾਰ ਵੱਖ-ਵੱਖ ਭਰੋਸਾ ਨਿਰਮਾਣ ਉਪਾਵਾਂ ਨੂੰ ਗੰਭੀਰਤਾ ਨਾਲ ਲਾਗੂ ਕਰਨ, ਜਿਨ੍ਹਾਂ ਵਿੱਚ ਆਪਸੀ ਤੌਰ 'ਤੇ ਅਤੇ ਬਰਾਬਰ ਸੁਰੱਖਿਆ ਦਾ ਸਿਧਾਂਤ ਸ਼ਾਮਲ ਸੀ, ਅਤੇ ਸਰਹੱਦੀ ਖੇਤਰਾਂ ਵਿੱਚ ਘਟਨਾਵਾਂ ਦੀ ਰੋਕਥਾਮ ਲਈ ਮੌਜੂਦਾ ਸੰਸਥਾਗਤ ਪ੍ਰਬੰਧਾਂ ਅਤੇ ਜਾਣਕਾਰੀ ਸਾਂਝੇ ਕਰਨ ਦੇ ਢਾਂਚੇ ਨੂੰ ਮਜ਼ਬੂਤ ਕਰਨ ਦੇ ਹੁਕਮ ਦਿੱਤੇ ਸਨ। ਇਸਦੇ ਨਤੀਜੇ ਵਜੋਂ ਭਾਰਤ-ਚੀਨ ਸਰਹੱਦ ਉੱਤੇ ਮੋਟੇ ਤੌਰ 'ਤੇ ਸ਼ਾਂਤੀ ਬਣੀ ਰਹੀ ਹੈ।

ਪਰੰਤੂ ਕਦੇ-ਕਦਾਈਂ ਅਸਲ ਕੰਟਰੋਲ ਰੇਖਾ **(LAC)** ਦੀ ਅਲਾਈਨਮੈਂਟ ਦੀ ਧਾਰਨਾ ਵਿੱਚ ਫ਼ਰਕ ਹੋਣ ਦੇ ਕਾਰਨ ਅਜਿਹੇ ਹਾਲਾਤ ਪੈਦਾ ਹੋਏ ਹਨ, ਜੋ **LAC** ਬਾਰੇ ਸਾਂਝੀ ਧਾਰਨਾ ਹੋਣ ਦੇ ਮਾਮਲੇ 'ਚ ਨਾ ਹੁੰਦੇ। ਦੋਨਾਂ ਧਿਰਾਂ ਨੇ ਅਜਿਹੇ ਹਾਲਾਤ ਪੈਦਾ ਹੋਣ 'ਤੇ ਇਨ੍ਹਾਂ ਨੂੰ ਸੁਲਝਾਉਣ ਲਈ ਤੰਤਰ ਸਥਾਪਿਤ ਕੀਤੇ ਹਨ ਜਿਵੇਂ ਕਿ ਬਾਰਡਰ ਪਰਸੋਨਲ ਮੀਟਿੰਗ, ਫਲੈਗ ਮੀਟਿੰਗਾਂ, ਭਾਰਤ-ਚੀਨ ਸਰਹੱਦੀ ਮਾਮਲੇ ਸਲਾਹ ਅਤੇ ਤਾਲਮੇਲ ਕਾਰਜ ਪ੍ਰਣਾਲੀ ਅਤੇ ਕੂਟਨੀਤਿਕ ਚੈਨਲ।

ਭਾਰਤੀ ਪੱਖ ਭਾਰਤ-ਚੀਨ ਸਰਹੱਦੀ ਖੇਤਰਾਂ ਅੰਦਰ ਅਮਨ ਅਤੇ ਸ਼ਾਂਤੀ ਕਾਇਮ ਰੱਖਣ ਦੇ ਉਦੇਸ਼ ਪ੍ਰਤੀ ਵਚਨਬੱਧ ਹੈ।"

**ਨਵੀਂ ਦਿਲੀ**

14 ਮਈ, 2020

DISCLAIMER: This is an approximate translation. The original is available in English on MEA's website and may be referred to as the official press release.